
ਬਹੁਭਾਸ਼ਾਈ ਸਿੱਖਿਆ ਕਾਰਜਕਾਰੀ ਜੁੱਟ

ਏਸ਼ੀਆ-ਪਰਸ਼ਾਂਤ




# ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ

## ਇੱਕ ਦਹਾਕੇ ਦੀ ਖੋਜ ਅਤੇ ਤਜਰਬੇ ਤੋਂ ਸਿੱਖੇ ਸਬਕ

## ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੇ ਵਿਦਿਅਕ ਸੁਧਾਰ ਵਿੱਚ ਭਾਸ਼ਾ ਕੀ ਭੂਮਿਕਾ ਨਿਭਾ ਸਕਦੀ ਹੈ ?

### ਭਾਸ਼ਾਈ ਅਧਿਕਾਰ ਕੀ ਹਨ ?

### ਮਾਤ ਭਾਸ਼ਾ ਅਧਾਰਤ ਬਹੁ-ਭਾਸ਼ਾਈ ਸਿੱਖਿਆ ਦਾ ਵਿਕਾਸ ਦੇ ਦੂਜੇ ਟੀਚੇ ਹਾਸਲ ਕਰਨ ਲਈ ਕੀ ਸਥਾਨ ਹੈ ?

ਚੌਥੀ ਅੰਤਰ-ਰਾਸ਼ਟਰੀ ਭਾਸ਼ਾ ਅਤੇ ਸਿੱਖਿਆ ਕਾਨਫਰੰਸ ਵਿੱਚ ਇਹਨਾਂ ਅਹਿਮ ਸਵਾਲਾਂ ਉੱਤੇ ਤਵੱਜੋਂ ਦਿੱਤੀ ਗਈ। ਇਸ ਕਾਨਫਰੰਸ ਨੇ ਏਸ਼ੀਆ-ਪਰਸ਼ਾਂਤ ਦੀ ਅਤੁੱਲ ਵੰਨ-ਸੁਵੰਨਤਾ ਪੇਸ਼ ਕਰਨ ਵਾਲੇ ਅਤੇ ਮਾਤ ਭਾਸ਼ਾ ਅਧਾਰਤ ਸਿੱਖਿਆ ਦਾ ਸਪੱਸ਼ਟ ਮਹੱਤਵ ਦੱਸਣ ਵਾਲੇ ਤੀਹ ਦੇਸ਼ਾਂ ਦੇ ਤਿੰਨ ਸੌ ਅਮਲਕਾਰਾਂ ਨੂੰ ਇੱਕ ਮੰਚ ’ਤੇ ਲਿਆਂਦਾ। ਇਹ ਕਿਤਾਬਚਾ ਇਸ ਮੀਲ-ਪੱਥਰ ਵਰਗੀ ਕਾਨਫਰੰਸ ਦੇ ਕੁਝ ਮਹੱਤਵਪੂਰਨ ਸੰਦੇਸ਼ਾਂ ਦਾ ਸਾਰ ਪੇਸ਼ ਕਰਦਾ ਹੈ।


# ਭਾਸ਼ਾ ਅਤੇ ਮੌਕੇ

***ਖੋਜਕਾਰਾਂ*** ਦਾ ਮੰਨਣਾ ਹੈ ਕਿ ਦੁਨੀਆਂ ਦੇ ਦੋ-ਤਿਹਾਈ ਬੱਚੇ ਅਜਿਹੇ ਮਹੌਲ ਵਿੱਚ ਵੱਡੇ ਹੁੰਦੇ ਹਨ ਜਿੱਥੇ ਇੱਕ ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਬਹੁਭਾਸ਼ਤਾ ਕੋਈ ਸਮੱਸਿਆ ਨਹੀਂ ਬਲਕਿ ਇਹ ਇੱਕ ਵੱਡਾ ਵਸੀਲਾ ਹੋ ਸਕਦਾ ਹੈ। ਫਿਰ ਵੀ ਬਦਕਿਸਮਤੀ ਇਹ ਹੈ ਕਿ ਬਹੁਤ ਸਾਰੇ ਬੱਚੇ ਜਦੋਂ ਪੜ੍ਹਾਈ ਦੀ ਸ਼ੁਰੂਆਤ ਕਰਦੇ ਹਨ ਤਾਂ ਉਹਨਾਂ ਨੂੰ ਧੱਕੇ ਨਾਲ ਆਪਣੀ ਪਹਿਲੀ ਭਾਸ਼ਾ ਨੂੰ ਤਿਲਾਂਜਲੀ ਦੇ ਕੇ ਉਸ ਭਾਸ਼ਾ ਵਿੱਚ ਗਿਆਨ ਦੇਣ ਦਾ ਯਤਨ ਕੀਤਾ ਜਾਂਦਾ ਹੈ, ਜੋ ਉਹ ਮਸਾਂ ਹੀ ਸਮਝਦੇ ਹਨ । ਇਸ ਦਾ ਨਤੀਜਾ ਆਮ ਤੌਰ 'ਤੇ  ਅਸਫਲਤਾ ਵਿੱਚ ਨਿਕਲਦਾ ਹੈ।



ਭਾਸ਼ਾ ਸੰਚਾਰ ਦੀ ਧੁਰੀ ਹੈ। ਇਹ ਨਵੇਂ ਮੌਕਿਆਂ ਲਈ ਪੁਲ ਬਣ ਸੱਕਦੀ ਹੈ ਜਾਂ ਬਰਾਬਰੀ ਵਿੱਚ ਰੁਕਾਵਟਾਂ ਪੈਦਾ ਕਰ ਸੱਕਦੀ ਹੈ।
ਇਹ ਜੋੜਦੀ ਵੀ ਹੈ ਅਤੇ ਤੋੜਦੀ ਵੀ ਹੈ। ਇਹ ਏਕਤਾ ਪੈਦਾ ਕਰਦੀ ਹੈ ਅਤੇ ਟਾਕਰੇ ਵੀ ਖੜ੍ਹੇ ਕਰ ਸੱਕਦੀ ਹੈ। ਭਾਸ਼ਾ ਬਹੁਪੱਖੀ ਵਰਤਾਰਾ ਹੈ ਅਤੇ ਕਦੇ ਹੀ ਸਾਦ-ਮੁਰਾਦਾ ਹੁੰਦੀ ਹੈ।





# ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ : ਸੰਤੁਲਨ ਲਈ

**ਜਿਵੇਂ-ਜਿਵੇਂ ਵਿਕਾਸ ਦੇ ਭਿੰਨ-ਭਿੰਨ ਟੀਚਿਆਂ ਵੱਲ ਕਦਮ ਵਧ ਰਹੇ ਹਨ, ਇਹ ਵਧੇਰੇ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਕੁਝ ਸਮੂਹ ਪਿੱਛੇ ਛੁੱਟਦੇ ਜਾ ਰਹੇ ਹਨ। ਬਹੁਤ ਵਾਰੀਂ ਇਹ ਹਾਸ਼ੀਆਗਰੱਸਤ ਜਨ-ਸਮੂਹ ਨਿੱਖੜੇ ਹੁੰਦੇ ਹਨ, ਕਈ ਵਾਰ ਭੌਤਿਕ ਤੌਰ 'ਤੇ ਪਰ ਜਿਆਦਾਤਰ ਸਮਾਜਕ ਅਤੇ ਰਾਜਨੀਤਕ ਤੌਰ 'ਤੇ ਉਹਨਾਂ ਵੱਲੋਂ ਬੋਲੀਆਂ ਜਾਂਦੀਆਂ ਭਾਸ਼ਾਵਾਂ ਕਰਕੇ। ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦਾ ਟੀਚਾ ਇਸ ਸਮੱਸਿਆ ਨਾਲ ਨਜਿੱਠਣਾ, ਸਭ ਲਈ ਮਿਆਰੀ ਸਿੱਖਿਆ ਪਰਦਾਨ ਕਰਨਾ ਅਤੇ ਇੰਜ ਸਮੁੱਚੇ ਸਮੂਹ ਨੂੰ ਆਪਣੇ ਵਿਕਾਸ ਵਿੱਚ ਲਗਾਉਣਾ ਹੈ।**[1]

## ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਕੀ ਹੈ ?

- ਇਹ ਸਿਰਫ ਪਾਠ ਪੁਸਤਕਾਂ, ਇਮਤਿਹਾਨਾਂ, ਜਾਂ ਜਮਾਤਾਂ ਵਿੱਚ ਪੜ੍ਹਾਉਣ ਵੇਲੇ ਅਧਿਆਪਕ ਵੱਲੋਂ ਵਰਤੀ ਜਾਂਦੀ ਭਾਸ਼ਾ ਨੂੰ ਬਦਲਣ ਨਾਲੋਂ ਕਿਤੇ ਵੱਧ ਹੈ। ਇਹ ਸਿੱਖਿਆ ਨੂੰ ਇੰਜ ਪੁਨਰ-ਕਲਪਤ ਕਰਨਾ ਹੈ ਕਿ ਇਹ ਤੇਜੀ ਨਾਲ ਬਦਲਦੀ ਦੁਨੀਆਂ ਵਿੱਚ ਅਲੋਚਨਾਤਮਕ ਸੋਚ ਸ਼ਕਤੀ ਅਤੇ ਵਡੇਰੀਆਂ ਸਮਾਜਿਕ ਮੁਹਾਰਤਾਂ 'ਤੇ ਕੇਂਦਰਤ ਹੋ ਸੱਕੇ। ਨਾਲੇ, ਸਿੱਖਿਆ ਦੇ ਵਾਤਾਵਰਣ ਵਿੱਚ ਤਾਕਤ ਦੀ ਪਰਕਿਰਿਆ ਨੂੰ ਚੁਣੌਤੀ ਪੇਸ਼ ਕਰਨਾ ਹੈ ਤਾਂ ਕਿ ਵਿਦਿਆਰਥੀ ਆਪਣੀ ਸਿੱਖਿਆ ਲਈ ਆਪਣਾ ਅਜਿਹਾ ਰਾਹ ਆਪ ਸੋਧ ਸੱਕਣ ਜਿਹੜਾ ਉਹਨਾਂ ਲਈ ਅਰਥਪੂਰਣ ਹੋਵੇ ।

ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਵਿੱਚ ਮਾਂ ਬੋਲੀ ਨੂੰ ਜਮਾਤ ਵਿੱਚ ਸਿੱਖਿਆ ਦੀ ਭਾਸ਼ਾ ਦੇ ਤੌਰ 'ਤੇ ਵਰਤਣਾ ਜਰੂਰੀ ਹੈ। ਫਿਰ ਵੀ, ਇਸ ਵਿੱਚ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਭਾਸ਼ਾਵਾਂ ਦੇ ਤੱਕ ਪਹੁੰਚ ਦੀ ਕੋਈ ਮਨਾਹੀ ਨਹੀਂ ਹੈ। ਸਗੋਂ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਤਾਂ ਬੱਚੇ ਨੂੰ ਇਹ ਭਾਸ਼ਾਵਾਂ ਸਿੱਖਣ ਲਈ ਸਹੀ ਤਰ੍ਹਾਂ ਤਿਆਰ ਕਰਦੀ ਹੈ। ਸ਼ੁਰੂਆਤ ਵਿੱਚ ਉਸ ਭਾਸ਼ਾ (ਮਾਂ ਬੋਲੀ) ਵਿੱਚ ਸ਼ੁਰੂ ਕਰਨ ਨਾਲ ਜੋ ਬੱਚਾ ਚੰਗੀ ਤਰ੍ਹਾਂ ਜਾਣਦਾ ਹੈ, ਬੱਚੇ ਲਈ ਮਜਬੂਤ ਅਧਾਰ ਤਿਆਰ ਹੁੰਦਾ ਹੈ ਅਤੇ ਇਹ ਉਸ ਨੂੰ ਅੱਗੇ ਚੱਲ ਕੇ ਦੂਜੀਆਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਭਾਸ਼ਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਜਾਣਨ ਦੇ ਯੋਗ ਬਣਾਉਂਦਾ ਹੈ ।

1. http://www.unescobkk.org/resources/e-library/publications/article/why-language-matters-for-the-millennium-development-goals

# ਪਰਮਾਣ

ਪਿਛਲੀਆਂ ਤਿੰਨ ਕਾਨਫਰੰਸਾਂ ਦੇ ਮੁਕਾਬਲੇ, ਚੌਥੀ ਅੰਤਰ-ਰਾਸ਼ਟਰੀ ਭਾਸ਼ਾ ਅਤੇ ਸਿੱਖਿਆ ਕਾਨਫਰੰਸ ਦਾ ਅਕਾਰ ਇਹ ਦਰਸਾਉਂਦਾ ਹੈ ਕਿ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦੇ ਹੱਕ ਵਿੱਚ ਸਬੂਤਾਂ ਦਾ ਪੱਲੜਾ ਭਾਰੀ ਹੋ ਰਿਹਾ ਹੈ (ਅਕਾਰ ਵਿੱਚ ਵੀ ਅਤੇ ਗਹਿਰਾਈ ਵਿੱਚ ਵੀ)। ਹੁਣ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਪਰੋਗਰਾਮ ਦੇ ਸਫਲ ਪਰਭਾਵ ਦੇ ਪੱਖ ਵਿੱਚ ਦੁਨੀਆਂ ਭਰ ਵਿੱਚ ਵੱਖ-ਵੱਖ ਸਥਿਤੀਆਂ ਦੀਆਂ ਅਨੇਕ ਪਰਸੰਗਕ ਉਦਾਹਰਣਾਂ ਹਨ।ਅਸੀਂ ਹੁਣ ਇਹ ਵੀ ਬਿਹਤਰ ਜਾਣਦੇ ਹਾਂ ਕਿ ਕਿਹੜੀ ਚੀਜ਼ ਕੰਮ ਕਰਦੀ ਹੈ ਅਤੇ ਕਿਹੜੀ ਨਹੀਂ ।

**ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦੇ ਤਿੰਨ ਸਿਧਾਂਤ ਜਿਨ੍ਹਾਂ ’ਤੇ ਸਮਝੌਤਾ ਨਹੀਂ ਹੋ ਸਕਦਾ :**

- ਸਾਰੀਆਂ ਭਾਸ਼ਾਵਾਂ ਵਿੱਚ ਮੁਹਾਰਤ ਅਤੇ ਸਾਖਰਤਾ ਦਾ ਮਜਬੂਤ ਅਤੇ ਪਰਭਾਵਸ਼ਾਲੀ ਸਮਰਥਨ
- ਸਾਖਰਤਾ ਲਈ ਅਸਰਦਾਰ ਵਾਤਾਵਰਣ (ਇਸਦੇ ਵਡੇਰੇ ਅਰਥਾਂ ਵਿੱਚ) ।
- ਸਿਖਿਆਰਥੀ ਸ਼ਕਤੀਕਰਣ – ਸਿਖਿਆਰਥੀਆਂ ਨੂੰ ਆਪਸ ਵਿੱਚ ਨਵੇਂ ਸ਼ਕਤੀ ਸੰਬੰਧ ਬਨਾਉਣ ਲਈ ਪਰੇਰਤ ਕਰਨਾ।

“ਸੋ, ਜਦੋਂ ਅਸੀਂ ਇਹ ਵੇਖਦੇ ਹਾਂ ਕਿ ਅਸੀਂ ਕਿੰਨਾ ਜਾਣਦੇ ਹਾਂ ਅਤੇ ਨੀਤੀ-ਘਾੜਿਆਂ ਨੂੰ ਕੀ ਦੱਸਣਾ ਚਾਹੀਦਾ ਹੈ, ਮੈਂ ਸਮਝਦਾ ਹਾਂ ਅਸੀਂ ਅੰਤਮ ਬਿੰਦੂ ’ਤੇ ਪਹੁੰਚ ਗਏ ਹਾਂ, ਜਿੱਥੇ ਸਾਰੀ ਇਕੱਠੀ ਹੋ ਚੁੱਕੀ ਖੋਜ ਇਹ ਦੱਸਦੀ ਹੈ ਕਿ ਘੱਟ ਗਿਣਤੀਆਂ ਅਤੇ ਹਾਸ਼ੀਏ ’ਤੇ ਪਏ ਵਿਦਿਆਰਥੀਆਂ ਲਈ ਬਹੁਭਾਸ਼ਾਈ ਸਿੱਖਿਆ ਦੇ ਸਹੀ ਹੋਣ ਤੋਂ ਭਰੋਸੇਯੋਗ ਢੰਗ ਨਾਲ ਇਨਕਾਰ ਨਹੀਂ ਕੀਤਾ ਜਾ ਸਕਦਾ।”

(ਪ੍ਰੋ. ਜਿਮ ਕਮਿਨਜ਼)



# ਪਰਭਾਵ

"ਜਿਹੜੇ ਬੱਚੇ ਘੱਟ ਸਿੱਖਿਅਤ ਹੁੰਦੇ ਹਨ, ਉਹਨਾਂ ਦੀ ਜਵਾਨੀ ਵਿੱਚ ਨਿਰਾਸ਼ਾ ਦੇ ਆਲਮ ਵਿੱਚ ਜਾਣ ਦੀ ਬਹੁਤ ਸੰਭਾਵਨਾ ਹੁੰਦੀ ਹੈ ਤੇ ਉਹ ਆਰਥਿਕ ਕਾਰਜਾਂ ਵਿੱਚ ਸ਼ਮੂਲੀਅਤ ਅਤੇ ਆਪਣੇ ਲਈ ਟਿਕਾਊ ਚੰਗੀਆਂ ਜੀਵਨ ਹਾਲਤਾਂ ਸਿਰਜਣ ਦੇ ਮੌਕਿਆਂ ਤੋਂ ਵਾਂਝਿਆਂ ਰਹਿ ਜਾਂਦੇ ਹਨ। ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਅਜਿਹੇ ਬੱਚਿਆਂ ਦੀ ਬਿਹਤਰ ਸਿੱਖਿਆ ਅਤੇ ਉਹਨਾਂ ਦੀ ਮੁਹਾਰਤ ਨੂੰ ਵਧਾਉਣ ਲਈ ਕੇਂਦਰੀ ਤੱਤ ਹੈ।" (ਪ੍ਰੋ: ਕੈਥਲੀਨ ਹਿਊ)



ਦਿਨੋ-ਦਿਨ ਭੂਮੰਡਲੀ ਹੋ ਰਹੀ ਅਤੇ ਵਧਦੇ ਆਪਸੀ ਸੰਬੰਧਾਂ ਵਾਲੀ ਦੁਨੀਆਂ ਵਿੱਚ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦੀ ਇੱਕ ਕੇਂਦਰੀ ਭੂਮਿਕਾ ਹੈ। ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਬੱਚਿਆਂ ਦੀ ਹੋਰ ਭਾਸ਼ਾਵਾਂ ਸਿੱਖਣ ਦੀ ਸਮਰੱਥਾ ਨੂੰ ਹੀ ਨਹੀਂ ਵਧਾਉਂਦੀ ਸਗੋਂ ਇਹ ਬੱਚਿਆਂ ਦਾ ਬੌਧਿਕ ਅਤੇ ਭਾਵਨਾਤਮਕ ਵਿਕਾਸ ਵੀ ਬਿਹਤਰ ਕਰਦੀ ਹੈ। ਇਹ ਬੱਚਿਆਂ ਨੂੰ ਆਪਣੀ ਨਿਰਾਲੀ ਬੋਲੀ ਅਤੇ ਸੱਭਿਆਚਾਰ ਅਪਨਾਉਣ, ਹੋਰਨਾਂ ਸਭਿੱਆਚਾਰਾਂ ਦੇ ਪਹਿਲੂਆਂ ਦਾ ਆਲੋਚਨਾਤਮਕ ਮੁਲਾਂਕਣ ਕਰਨ ਅਤੇ ਵਖਰੇਵੇਂ ਅਤੇ ਵੰਨ-ਸੁਵੰਨਤਾ ਦੀ ਸਰਾਹਨਾ ਅਤੇ ਆਦਰ ਪੈਦਾ ਕਰਨ ਦਾ ਮੌਕਾ ਦੇਂਦੀ ਹੈ।

➡ **ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਸੰਬੰਧੀ ਵਧਦੇ ਜਾ ਰਹੇ ਸਬੂਤਾਂ ਨੇ ਇਸ ਦੇ ਕੁਝ ਕੁੰਜੀਵਤ ਲਾਭ ਸਾਹਮਣੇ ਲਿਆਂਦੇ ਹਨ :**

- **ਬੱਚਿਆਂ ਲਈ:** ਉਹ ਜਮਾਤ ਵਿੱਚ ਜਿਆਦਾ ਦਿਲ ਲਾਂਦੇ ਹਨ, ਅਧਿਆਪਕਾਂ ਦੇ ਸਵਾਲਾਂ ਦਾ ਜਵਾਬ ਦੇਂਦੇ ਹਨ ਅਤੇ ਬਰਾਬਰ ਦਾ ਹਿੱਸਾ ਲੈਂਦੇ ਹਨ।
- **ਮਾਪਿਆਂ ਲਈ:** ਉਹ ਆਪਣੇ ਬੱਚਿਆਂ ਦੀ ਸਿੱਖਿਆ 'ਚ ਯੋਗਦਾਨ ਪਾਉਣ ਦੇ ਯੋਗ ਹੁੰਦੇ ਹਨ, ਅਧਿਆਪਕਾਂ ਦੀ ਮਦਦ ਕਰਦੇ ਹਨ ਅਤੇ ਸਕੂਲ ਦੀਆਂ ਹੋਰ ਗਤੀਵਿਧਿਆਂ ਵਿੱਚ ਹਿੱਸਾ ਲੈਂਦੇ ਹਨ।
- **ਹਾਸ਼ੀਏ 'ਤੇ ਪਏ ਸਮਾਜਾਂ ਲਈ:** ਉਹ ਭਾਰੂ ਵਡੇਰੇ ਸੱਭਿਆਚਾਰਾਂ ਨਾਲ ਲਗਾਤਾਰ ਸਰਗਰਮ ਸਬੰਧ ਬਣਾਈ ਰੱਖਕੇ ਵੀ ਆਪਣੀ ਭਾਸ਼ਾਈ ਅਤੇ ਸਭਿੱਆਚਾਰਕ ਪਛਾਣ ਕਾਇਮ ਰੱਖ ਸਕਦੇ ਹਨ।
- **ਸਿੱਖਿਆ ਲਈ:** ਸਮੁੱਚੇ ਤੌਰ 'ਤੇ ਵਿੱਦਿਅਕ ਨਤੀਜੇ ਬਿਹਤਰ ਹੁੰਦੇ ਹਨ, ਪੜ੍ਹਾਈ ਛੱਡਣ ਦੀ ਦਰ ਘਟਦੀ ਹੈ ਅਤੇ ਉਹਨਾਂ ਦੀ ਪਹਿਲੀ ਭਾਸ਼ਾ ਅਤੇ ਦੂਜੀ ਅਧਿਕਾਰਕ ਭਾਸ਼ਾ (ਭਾਸ਼ਾਵਾਂ) ਵਿੱਚ ਮੁਹਾਰਤ ਦਾ ਪੱਧਰ ਉਚੇਰਾ ਹੁੰਦਾ ਹੈ।
- **ਸਰਕਾਰ ਲਈ:** ਬਿਹਤਰ ਸਿੱਖਿਆ ਦਾ ਮਤਲਬ ਉਪਲਬਧ ਵਸੀਲਿਆਂ ਦੀ ਵਧੇਰੇ ਹੁਨਰਮੰਦ ਵਰਤੋਂ, ਜਿਸਦੇ ਨਤੀਜੇ ਵਜੋਂ (ਅਧਿਆਪਕਾਂ ਅਤੇ ਪ੍ਰਸ਼ਾਸਕਾਂ ਦੇ) ਸਮੇਂ ਦੀ ਬਚਤ ਅਤੇ ਦਰਮਿਆਨੇ ਅਤੇ ਲੰਮੇ ਸਮੇਂ ਦੇ ਵਿੱਤੀ ਲਾਭ ਹੁੰਦੇ ਹਨ।
- **ਜੀਵਨ ਨਿਰਵਾਹ ਲਈ:** ਅਸਲ ਸਿੱਖਿਆ ਅਤੇ ਬਿਹਤਰ ਭਾਸ਼ਾ ਸਮਰੱਥਾ ਦਾ ਮਤਲਬ ਹੈ ਰੁਜਗਾਰ ਦੇ ਬਿਹਤਰ ਮੌਕੇ ਅਤੇ ਵਧੇਰੇ ਅਮਨ ਭਰਪੂਰ ਸਮਾਜ।

# ਅਮਲ

"ਜਦੋਂ ਤੋਂ ਮਾਂ ਬੋਲੀ 'ਤੇ ਅਧਾਰਤ ਬਹੁਭਾਸ਼ਾਈ ਸਿੱਖਿਆ ਦਾ ਸਾਡੇ ਸਮਾਜ ਵਿੱਚ ਪਰਵੇਸ਼ ਹੋਇਆ ਹੈ, ਹੁਣ ਪਹਿਲੀ ਜਮਾਤ ਦੇ ਬਹੁਤੇ ਬੱਚੇ ਜਮਾਤ ਵਿੱਚ ਬਹੁਤ ਭਾਗੀਦਾਰੀ ਕਰਦੇ ਹਨ। ਉਹ ਜਿਹੜੇ ਸ਼ਬਦ ਪੜ੍ਹਦੇ ਹਨ ਉਹਨਾਂ ਨੂੰ ਅਸਾਨੀ ਨਾਲ ਸਮਝ ਲੈਂਦੇ ਹਨ ਕਿਉਕਿ ਸਭ ਕੁਝ ਸਾਡੀ ਭਾਸ਼ਾ ਵਿੱਚ ਲਿਖਿਆ ਹੁੰਦਾ ਹੈ। ਉਹ ਅਧਿਆਪਕ ਦੁਆਰਾ ਕੁਝ ਪੁੱਛਣ ਵੇਲੇ ਘਬਰਾਉਂਦੇ ਨਹੀਂ ਕਿਉਂਕਿ ਉਹ ਇੰਨੇ ਵਿਸ਼ਵਾਸ਼ ਭਰਪੂਰ ਹੁੰਦੇ ਹਨ ਕਿ ਉਹ ਸਾਡੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਸਹੀ ਉਤਰ ਦੇ ਸੱਕਦੇ ਹਨ" ( ਇੱਕ ਫਿਲਿਪੀਨੀ ਮਾਪਾ )



ਵਧਦੇ ਸਬੂਤਾਂ ਨੇ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦੀ ਸਫਲਤਾ ਲਈ ਜਰੂਰੀ ਕੁਝ ਧਿਆਨ ਯੋਗ ਖੇਤਰਾਂ 'ਤੇ ਚਾਨਣਾ ਪਾਇਆ ਹੈ।



**ਢੁਕਵਾਂ ਪਾਠਕਰਮ ...** ਬੰਗਲਾਦੇਸ਼ ਦੇ ਚਿਟਗਾਂਗ ਦੇ ਪਹਾੜੀ ਭੂ-ਖੰਡ ਵਿੱਚ ਮੁਢਲੇ ਸਕੂਲਾਂ ਵਿੱਚ ਦਾਖਲੇ ਦੀ ਦਰ 60% ਤੋਂ ਵੀ ਘੱਟ ਹੈ, ਨਾਲੇ ਪੜ੍ਹਾਈ ਛੱਡਣ ਦੀ ਦਰ ਬਹੁਤ ਉੱਚੀ ਹੈ। ਇਸ ਦੇ ਸਭ ਤੋਂ ਵੱਡੇ ਕਾਰਨਾਂ ਵਿੱਚੋਂ ਇੱਕ ਇਹ ਹੈ ਕਿ ਉਥੋਂ ਦੇ ਬੱਚੇ ਸਿੱਖਿਆ ਦੀ ਭਾਸ਼ਾ (ਬੰਗਲਾ) ਨਹੀਂ ਸਮਝਦੇ ਅਤੇ ਪਾਠਕਰਮ ਉਹਨਾਂ ਦੇ ਸੱਭਿਆਚਾਰ ਨਾਲ ਸਬੰਧਤ ਨਹੀਂ । ਇਸ ਸਮੱਸਿਆ ਨਾਲ ਨਜਿੱਠਣ ਲਈ ਢੁੱਕਵੀਂ ਸਿੱਖਿਆ ਸਮੱਗਰੀ ਪੰਜ ਸਥਾਨਕ ਬੋਲੀਆਂ ਵਿੱਚ ਪਰਦਾਨ ਕਰਨ ਲਈ ਇੱਕ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਕਾਰਜਕਰਮ ਉਲੀਕਿਆ ਗਿਆ। ਇਸ ਕਾਰਜਕਰਮ ਅਤੇ ਹੋਰਨਾਂ ਦੀ ਸਫਲਤਾ ਦੇ ਨਤੀਜੇ ਵਜੋਂ ਬੰਗਲਾਦੇਸ਼ੀ ਸਰਕਾਰ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਨੂੰ ਆਪਣੀ ਕੌਮੀ ਸਿੱਖਿਆ ਨੀਤੀ ਵਿੱਚ ਮਾਨਤਾ ਦੇ ਰਹੀ ਹੈ।



**ਸਮਾਜੀ ਮਲਕੀਅਤ...** ਲਿਖਤੀ ਪਰਣਾਲੀ ਨੂੰ ਬੁਲਾਰਿਆਂ ਅਤੇ ਬਾਕੀ ਭਾਗੀਦਾਰ ਲੋਕਾਂ ਦੀ ਪਰਵਾਨਗੀ ਦੀ ਲੋੜ ਹੁੰਦੀ ਹੈ ਅਤੇ ਇਸ ਦੀ ਕਦਰਦਾਨੀ, ਪਰਵਾਨਤਾ, ਸੁਨਿਸ਼ਚਿਤਾ ਅਤੇ ਮਲਕੀਅਤ ਲਈ ਭਾਸ਼ਾ ਸਮੂਹ 'ਤੇ ਕੇਂਦਰਿਤ ਸਾਂਝੀ ਪਰਕਿਰਿਆ ਅਤਿਅੰਤ ਜਰੂਰੀ ਹੈ। ਫਿਲਿਪੀਨ ਦੇ ਮੁਸਲਿਮ ਖੁਦਮੁਖਤਿਆਰੀ ਖੇਤਰ ਮਿੰਡਆਨਾਓ ਵਿੱਚ ਕੁਝ ਗੈਰ-ਭਾਰੂ ਭਾਸ਼ਾਈ ਸਮਾਜਾਂ ਵਿੱਚ ਰਲ-ਮਿਲ ਕੇ ਲਿਪੀ ਦਾ ਵਿਕਾਸ ਕਰਨਾ ਸ਼ੁਰੂ ਕੀਤਾ ਗਿਆ ਹੈ, ਜਿਸਨੇ ਇਹਨਾਂ ਭਾਈਚਾਰਿਆਂ ਵਿੱਚ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਲਈ ਭਾਈਵਾਲੀ, ਇੱਕ ਦੂਜੇ ਦੀ ਰਾਏ ਲੈਣ ਅਤੇ ਲਗਨ ਵਿੱਚ ਵਾਧਾ ਕੀਤਾ ਹੈ।



**ਅੰਤਰ-ਸੰਸਥਾਈ ਸਾਂਝੇਦਾਰੀ... ਮਲੇਸ਼ੀਆ ‘ਚ ਸਾਰਾਵਕ ਵਿੱਚ ਸਮਾਜੀ-ਮਾਲਕੀ ਵਾਲੇ** ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਵਾਲੇ ਮੁਢਲੇ ਸਕੂਲਾਂ ਦੀ ਸਥਾਪਨਾ ਨੂੰ ਚੰਗਾ ਅੰਤਰ-ਸੰਸਥਾਈ ਸਮਰਥਨ ਪਰਾਪਤ ਹੋਇਆ ਹੈ।ਐਪਰ ਇਸ ਦੇ ਬਾਵਜੂਦ ਇਹਨਾਂ ਸਕੂਲਾਂ ਨੂੰ ਲਗਾਤਾਰ ਸਰਕਾਰੀ ਮੁਢਲੇ ਸਕੂਲਾਂ ਤੋਂ ਮੁਕਾਬਲਾ ਮਿਲਣਾ ਇਹ ਦਰਸਾਅ ਰਿਹਾ ਹੈ ਕਿ ਗੈਰ-ਸਰਕਾਰੀ ਸੰਸਥਾਵਾਂ ਨੂੰ ਜਿੱਥੋਂ ਤੱਕ ਸੰਭਵ ਹੋ ਸੱਕੇ ਵਿੱਦਿਅਕ ਅਤੇ ਸਰਕਾਰੀ ਅਧਿਕਾਰੀਆਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਕਾਰਜਕਰਮਾਂ ਦਾ ਠੀਕ ਢੰਗ ਨਾਲ ਸੰਸਥਾਈਕਰਨ ਕੀਤਾ ਜਾ ਸਕੇ। ਇਸੇ ਤਰ੍ਹਾਂ ਗੈਰ-ਸਰਕਾਰੀ ਸੰਸਥਾਵਾਂ ਨੂੰ ਸਮਾਜਕ ਸੰਗਠਨਾਂ ਅਤੇ ਸਥਾਨਕ ਸਰਕਾਰਾਂ ਨਾਲ ਸਾਂਝ ਵਧਾਉਣੀ ਚਾਹੀਦੀ ਹੈ ਤਾਂ ਕਿ ਭਾਸ਼ਾ ਅਤੇ ਸਿੱਖਿਆ ਉੱਚ ਗੁਣਵਤਾ ਭਰਪੂਰ ਖੋਜ ਅਧਿਆਪਨ ਵਿਧਿਆਂ ’ਤੇ ਪਰਭਾਵ ਪਾਉਂਦੀ ਰਹੇ ।



**ਅਧਿਆਪਕ...** ਭਾਰਤ ’ਚ ਦੱਖਣੀ ਉੜੀਸਾ ਵਿੱਚ ਖੋਜ ਦਰਸਾਉਂਦੀ ਹੈ ਕਿ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਦੇ ਸਾਓਰਾ ਸਮਾਜ ਨਾਲ ਸੰਬੰਧਤ ਅਧਿਆਪਕ ਆਪਣੀ ਸੱਭਿਆਚਾਰਕ ਜਾਣਕਾਰੀ ਅਤੇ ਹੁਨਰਾਂ ਰਾਹੀਂ ਸਾਓਰਾ ਬੱਚਿਆਂ ਨਾਲ ਤਕੜੀ ਸਾਂਝ ਬਣਾਉਣ ਵਿੱਚ ਕਾਮਯਾਬ ਹੋਏ। ਇਹ ਤਰੀਕਾ ਗੈਰ ਮਾਤ ਭਾਸ਼ਾ ਅਧਾਰਤ ਸਿੱਖਿਆ, ਜਿੱਥੇ ਅਧਿਆਪਕ ਬਲੈਕ-ਬੋਰਡ ਅਤੇ ਰੱਟਿਆਂ ’ਤੇ ਜੋਰ ਦਿੰਦੇ ਹਨ, ਦੇ ਟਾਕਰੇ ਬੱਚਿਆਂ ਦੀ ਸਰਗਰਮ ਸ਼ਮੂਲੀਅਤ ਲਈ ਵਧੇਰੇ ਸਹਾਈ ਹੋਇਆ।ਇਸ ਤਰ੍ਹਾਂ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਨਾ ਸਿਰਫ  ਬਿਹਤਰ ਨਤੀਜੇ ਕੱਢਣ ਵਿੱਚ ਸਗੋਂ ਬੱਚਿਆਂ ਅਤੇ ਅਧਿਆਪਕਾਂ ਦਾ ਮਨੋਬਲ ਵਧਾਉਣ ਵਿੱਚ ਵੀ ਵੱਡੀ ਸਮਰੱਥਾ ਰੱਖਦੀ ਹੈ।



# ਨੀਤੀਆਂ

"ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਨਿਵੇਸ਼ ਲਈ ਇੱਕ ਚੰਗੀ ਚੋਣ ਹੈ ਅਤੇ ਇਹ ਲੰਮੇਂ ਸਮੇਂ ਵਿੱਚ ਗੈਰ-ਕਾਰਗਰ ਭਾਰੂ ਭਾਸ਼ਾ ਅਧਾਰਤ ਸਿੱਖਿਆ ਪਰਣਾਲੀ ਨਾਲੋਂ ਜਿਆਦਾ ਬਚਤ ਪਰਦਾਨ ਕਰ ਸਕਦੀ ਹੈ। ਮੌਜੂਦਾ ਕਈ ਸਿੱਖਿਆ ਪਰਣਾਲੀਆਂ ਕਾਫੀ ਗੈਰ-ਕਾਰਗਰ ਹਨ। ਪਰ ਜਿਨ੍ਹਾਂ ਭਾਸ਼ਾਵਾਂ ਨੂੰ ਬਹੁਤੇ ਸਿਖਾਂਦਰੂ ਸਮਝਦੇ ਵੀ ਨਹੀਂ ਹਨ ਉਹਨਾਂ ਭਾਰੂ ਭਾਸ਼ਾਵਾਂ 'ਤੇ ਅਧਾਰਤ ਨਕਾਮ ਸਿੱਖਿਆ ਪਰਣਾਲੀਆਂ 'ਤੇ ਕਿੰਨਾ ਕੁਝ ਬਰਬਾਦ ਕੀਤਾ ਜਾ ਰਿਹਾ ਹੈ ਇਸ ਸਬੰਧੀ ਬਹੁਤ ਘੱਟ ਅਧਿਐਨ ਹੋਏ ਹਨ।


( ਡਾ. ਕਿੰਮੋ ਕੋਸੋਨੇਨ )



ਇਹਨਾਂ ਸਾਰੇ ਹਾਂ ਪੱਖੀ ਸਬੂਤਾਂ ਦੀ ਰੋਸ਼ਨੀ ਵਿੱਚ ਸਾਨੂੰ ਕਿਸਨੇ ਜੱਫਾ ਮਾਰਿਆ ਹੋਇਆ ਹੈ ? ਬਹੁਤ ਸਿੱਖਿਆ ਅਧਿਕਾਰੀ ਆਪਣੇ ਦੇਸ਼ ਦੀ ਭਾਸ਼ਾ ਦੀ ਵੰਨ-ਸੁਵੰਨਤਾ ਤੋਂ ਜਾਣੂ ਨਹੀਂ ਹੁੰਦੇ ਅਤੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਭਾਸ਼ਾ ਦੇ ਸਮਰਥਨ ਨੂੰ ਪਹਿਲ ਦਿੰਦੇ ਹਨ। ਸਿੱਖਿਆ ਦੀ ਭਾਸ਼ਾ ਬਾਰੇ ਰਾਸ਼ਟਰੀ ਨੀਤੀਆਂ ਦੇ ਫੈਸਲੇ ਜੋ ਅਕਸਰ ਵਿਤੀ ਫੈਸਲਿਆਂ ਬਾਰੇ ਗਲਤ ਜਾਣਕਾਰੀ 'ਤੇ ਅਧਾਰਤ ਹੁੰਦੇ ਹਨ, ਮਾਤ ਭਾਸ਼ਾ ਅਧਾਰਤ ਸਿੱਖਿਆ ਲਈ ਸਭ ਤੋਂ ਵੱਡੀ ਅੜਚਨ ਹਨ। ਇਹਨਾਂ ਅਧਿਕਾਰੀਆਂ ਨੂੰ ਕਲਾਸਰੂਮ ਦੀ ਅਸਲੀਅਤ ਤੋਂ ਕਿਵੇਂ ਅਤੇ ਮਾਤ ਭਾਸ਼ਾ ਅਧਾਰਤ ਬਹੁਭਾਸ਼ਾਈ ਸਿੱਖਿਆ ਨਾਲ ਸੰਬੰਧਤ ਬਿਹਤਰ ਸਿੱਖਿਆ ਸਿੱਟਿਆਂ ਅਤੇ ਇਸ ਨਾਲ ਲੰਮੇ ਸਮੇਂ ਦੇ ਅਧਾਰ 'ਤੇ ਸਸਤੀ ਸਿੱਖਿਆ ਬਾਰੇ ਕਿਵੇਂ ਸਮਝਾਇਆ ਜਾਵੇ ਇਹੀ ਅਜਿਹੇ ਪ੍ਰੋਗਰਾਮਾਂ ਲਈ ਨੀਤੀ-ਘਾੜਿਆਂ ਨੂੰ ਕਾਇਲ ਕਰਨ ਲਈ ਵੱਡੀ ਚੁਣੌਤੀ ਹੈ।

ਏਸ਼ੀਆ ਦੇ ਕੁਝ ਭਾਗਾਂ ਵਿੱਚ ਇਸ ਤਰਜ 'ਤੇ ਅਧਿਕਾਰੀਆਂ ਨਾਲ ਕੰਮ ਕਰ ਕੇ ਪਿਛਲੇ ਕੁਝ ਸਾਲਾਂ ਵਿੱਚ ਵੱਡੀਆਂ ਸਫਲਤਾਵਾਂ ਦੇਖੀਆਂ ਗਈਆਂ ਹਨ ਜਿਸ ਨਾਲ ਬਹੁਭਾਸ਼ਾਈ ਸਿੱਖਿਆ ਪੱਖੀ ਨੀਤੀਆਂ ਬਣਾਈਆਂ ਗਈਆਂ ਹਨ ਜਾਂ ਮਜਬੂਤ ਕੀਤੀਆਂ ਗਈਆਂ ਹਨ। ਸਭ ਤੋਂ ਸਪੱਸ਼ਟ ਉਦਾਹਰਣ ਫਿਲਿਪੀਨਜ ਵਿੱਚ ਬਦਲਾਓ ਦੀ ਹੈ, ਜਿੱਥੇ ਲੰਮੇਰੀ ਵਕਾਲਤ ਅਤੇ ਸਥਿਰ ਅਗਵਾਈ ਪਰਿਯੋਜਨਾਵਾਂ ਨੇ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਕਾਨੂੰਨ ਘੜਣ 'ਚ ਹਿੱਸਾ ਪਾਇਆ। ਅਗਾਊਂ ਪਰਿਯੋਜਨਾਵਾਂ ਦੀ ਸਫਲਤਾ ਕਾਰਣ ਥਾਈਲੈਂਡ, ਕਮਬੋਡੀਆ, ਵੀਅਤਨਾਮ ਅਤੇ ਨੇਪਾਲ ਵਿੱਚ ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਸਬੰਧੀ ਨੀਤੀਆਂ ਮਜਬੂਤ ਹੋਈਆਂ ਹਨ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਮੌਕੇ ਵਧੀ ਜਾ ਰਹੇ ਹਨ ਕਿਉਂਕਿ ਸਿੱਖਿਆ ਯੋਜਨਾਬੰਦੀ ਵਿੱਚ ਸਥਾਨਕ ਬੋਲੀਆਂ ਨੂੰ ਸ਼ਾਮਲ ਕਰਨ ਦੀ ਲੋੜ ਨੂੰ ਅਧਿਕਾਰੀ ਮੰਨਣ ਲੱਗੇ ਹਨ।

# ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਅਤੇ ਅਧਿਕਾਰ






'ਸਭ ਲਈ ਸਿੱਖਿਆ' ਮਨੁੱਖੀ ਅਧਿਕਾਰਾਂ ਵਿੱਚ ਮੁੱਢ ਤੋਂ ਹੀ ਸ਼ਾਮਲ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਸਰਬਵਿਆਪਕ ਘੋਸ਼ਣਾ ਪੱਤਰ ਦੀ ਧਾਰਾ 26 ਕਹਿੰਦੀ ਹੈ ਕਿ ਹਰ ਇੱਕ ਨੂੰ ਮੁਫਤ, ਉਪਲਬਧ ਅਤੇ ਪਹੁੰਚਯੋਗ ਸਿੱਖਿਆ ਦਾ ਅਧਿਕਾਰ ਹੈ। ਬੱਚੇ ਨੂੰ ਉਹਦੀ ਪਹਿਲੀ ਭਾਸ਼ਾ ਵਿੱਚ ਸਿੱਖਿਆ ਪਰਦਾਨ ਨਾ ਕਰਨਾ ਦਿਨੋਂ-ਦਿਨੀਂ ਪੱਖਪਾਤ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ, ਅਜਿਹਾ ਪੱਖਪਾਤ ਉਪਰ ਦੱਸੇ ਮਨੁੱਖੀ ਅਧਿਕਾਰ ਨੂੰ ਅਮਲ ਵਿੱਚ ਲਿਆਉਣ ਦੇ ਰਾਹ ਵਿੱਚ ਰੁਕਾਵਟ ਹੈ। ਮਾਂ ਬੋਲੀ ਅਧਾਰਤ ਬਹੁਭਾਸ਼ਾਈ ਸਿੱਖਿਆ ਸਭ ਲਈ ਸਿੱਖਿਆ ਪਰਦਾਨ ਕਰਨ ਲਈ ਰਾਹ ਪੱਧਰਾ ਕਰਦੀ ਹੈ।

# ਭਵਿੱਖ

"ਭਾਸ਼ਾ ਸਿੱਖਿਅਕਾਂ ਲਈ ਸਾਨੂੰ ਪਹਿਲ ਦੇ ਅਧਾਰ 'ਤੇ ਨੀਤੀਆਂ ਘੜਨੀਆਂ ਪੈਣਗੀਆਂ ਅਤੇ ਖੋਜ ਨੂੰ ਰਸਮੀ ਅਤੇ ਗੈਰ ਰਸਮੀ ਵਾਰਤਾਵਾਂ ਰਾਹੀਂ ਨੀਤੀ-ਘਾੜਿਆਂ ਤੱਕ ਪਹੁੰਚਾਉਣਾ ਪਏਗਾ। ਇਸ ਦਾ ਮਤਲਬ ਖੋਜ ਪਰਮਾਣਾਂ ਨੂੰ ਨਵੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਤੋਂ ਵੀ ਹੈ। ਸਾਨੂੰ ਨੀਤੀ ਪਰਕਿਰਿਆ ਨੂੰ ਰਹਿਸਵਾਦ ਚੋਂ ਕੱਢਣ ਵੱਲ ਖਾਸ ਧਿਆਨ ਦੇਣਾ ਪਏਗਾ।"

(ਪ੍ਰੋ. ਜੋਸਫ ਲਾ ਬਿਅਨਕੋ)



**ਇਸ ਸਾਰੀ ਪ੍ਰਗਤੀ ਦੇ ਬਾਵਜੂਦ,** ਬਹੁਤ ਸਾਰੇ ਹਾਸ਼ੀਏ 'ਤੇ ਪਏ ਸਮਾਜਾਂ ਵਿੱਚ ਲੋੜਾਂ ਦੀ ਹੱਦ ਨਿਸਚਤ ਕਰਨ ਲਈ ਅਜੇ ਵੀ ਖੋਜ ਦੀ ਲੋੜ ਹੈ। ਜਮਾਤੀ ਕਮਰਾ ਨੱਕਾਸ਼ੀ ਪਰਿਯੋਜਨਾਵਾਂ, ਜਿਸ ਤਰ੍ਹਾਂ ਦੀਆਂ ਵਿਅਤਨਾਮ 'ਚ ਚਲਾਇਆਂ ਗਈਆਂ, ਜਰੂਰੀ ਅੰਕੜੇ ਪਰਦਾਨ ਕਰ ਸਕਦੀਆਂ ਹਨ ਜਿਹੜੇ ਸਰਕਾਰਾਂ ਨੂੰ ਪੜ੍ਹਨ ਕਮਰਿਆਂ ਵਿਚਲੀ ਭਾਸ਼ਾਈ ਸਥਿਤੀ ਬਾਰੇ ਬਿਹਤਰ ਸਮਝਣ ਅਤੇ ਉਚਿਤ ਅਮਲ ਕਰਨ ਦੇ ਸਮਰੱਥ ਬਣਾ ਸੱਕਦੇ ਹਨ।

ਹਾਸ਼ੀਏ 'ਤੇ ਪਏ ਸਮਾਜਾਂ ਨੂੰ ਦਰਪੇਸ਼ ਗੁੰਝਲਦਾਰ ਮਸਲਿਆਂ ਦੇ ਢੁੱਕਵੇਂ ਹੱਲ ਦਾ ਕਾਰਜ ਸਿਰਫ ਰਲ ਕੇ ਕੰਮ ਕਰਨ ਨਾਲ ਹੀ ਸਰ ਕੀਤਾ ਜਾ ਸਕਦਾ ਹੈ। ਨੀਤੀ-ਘਾੜਿਆਂ ਨਾਲ ਅਤੇ ਸੰਗਠਨਾਤਮਕ ਅਤੇ ਅਨੁਸ਼ਾਸ਼ਨਾਤਮਕ ਸੀਮਾਵਾਂ ਤੋਂ ਪਾਰ ਦੇ ਵਿਅਕਤੀਆਂ ਨਾਲ ਸੰਵਾਦ ਦੇ ਤਰੀਕੇ ਲੱਭਣਾ ਭਵਿੱਖ ਵਿੱਚ ਅੱਗੇ ਵੱਧਣ ਲਈ ਵੀ ਚੂਲ ਹੈ। ਸਾਨੂੰ ਆਸ ਹੈ ਕਿ ਚੌਥੀ ਅੰਤਰ-ਰਾਸ਼ਟਰੀ ਭਾਸ਼ਾ ਅਤੇ ਸਿੱਖਿਆ ਕਾਨਫਰੰਸ ਅਤੇ ਇਸ ਪਰਕਾਸ਼ਨ ਨੇ ਇਸ ਵਿੱਚ ਕੁੱਝ ਭੂਮਿਕਾ ਨਿਭਾਈ ਹੈ।




ਇਹ ਜਾਣਕਾਰੀ ਨਵੰਬਰ 2013 ਨੂੰ ਬੈਂਗਕਾਕ, ਥਾਈਲੈਂਡ, ਵਿੱਚ ਹੋਈ ਚੌਥੀ ਅੰਤਰ-ਰਾਸ਼ਟਰੀ ਭਾਸ਼ਾ ਅਤੇ ਸਿੱਖਿਆ ਕਾਨਫਰੰਸ 'ਏਸ਼ੀਆ ਅਤੇ ਪਰਸ਼ਾਂਤ ਵਿੱਚ ਸਭ ਲਈ ਬਹੁਭਾਸ਼ਾਈ ਸਿੱਖਿਆ: ਨੀਤੀਆਂ, ਵਿਹਾਰ ਅਤੇ ਅਮਲ',ਵਿਚਲੀਆਂ ਪੇਸ਼ਕਾਰੀਆਂ ਅਤੇ ਵਿਚਾਰ ਵਟਾਂਦਰੇ 'ਤੇ ਅਧਾਰਤ ਹੈ।

ਵਧੇਰੇ ਜਾਣਕਾਰੀ ਅਤੇ ਮੂਲ ਪੇਸ਼ਕਾਰੀਆਂ ਲਈ ਹੇਠਲੇ ਪਤੇ 'ਤੇ ਜਾਓ :

www.lc.mahidol.ac.th/mleconf2013

ਸੰਪਾਦਕ : Matt Wisbey

ਖਰੜਾ ਕਮੇਟੀ: Kimmo Kosonen, Kirk Person, Vilasa Phongsathorn, Catherine Young, Min Bista and Kyungah Kristy Bang

ਏਸ਼ੀਆ-ਪਰਸ਼ਾਂਤ ਬਹੁਭਾਸ਼ਾਈ ਸਿੱਖਿਆ ਕੰਮਕਾਰੀ ਜੁੱਟ (MLE WG) ਬਾਰੇ ਹੋਰ ਜਾਣਨ ਲਈ ਹੇਠਲੇ ਪਤੇ 'ਤੇ ਜਾਓ :

www.asiapacificmle.net

ਅੰਗਰੇਜੀ ਤੋਂ ਪੰਜਾਬੀ ਵਿੱਚ ਅਨੁਵਾਦ : ਵਰਿੰਦਰ ਖੁਰਾਣਾ, ਜੋਗਾ ਸਿੰਘ

UNESCO United Nations Educational, Scientific and Cultural Organization
SIL International
Room to Read
care
unicef unite for children
AIT Asian Institute of Technology
dvv international
Plan
SEAMEO

TH/APL/14/001